# ਗੌਂਰਾਂ ਦਾ ਲਾੜ੍ਹਾ

ਡੰਮਰੂ ਢੋਲ ਨਗਾੜੇ ਵੱਜਦੇ, ਖੁਸ਼ੀਆਂ ਦੇ ਵਿੱਚ ਬੱਦਲ ਗੱਜਦੇ
ਉਹ ਦੇਖੋ ਨੀ ਪੈਂਦਾ ਏ, ਸਾਧਾਂ ਦਾ ਤਾੜੀ ਤਾੜ੍ਹਾ, ਨੀ ਗੌਂਰਾਂ ਦਾ ਲਾੜ੍ਹਾ,
ਬੱਲੇ ਨੀ ਗੌਂਰਾਂ ਦਾ ਲਾੜ੍ਹਾ, ਛਾਵਾਂ ਨੀ ਗੌਂਰਾਂ ਦਾ ਲਾੜ੍ਹਾ,
ਗਿੱਠ ਗਿੱਠ ਲਮਕੇ ਦਾੜ੍ਹਾ ਨੀ ਪਰ, ਫੇਰ ਵੀ ਲੱਗੇ ਪਿਆਰਾ ਨੀ, ਗੌਂਰਾਂ ਦਾ ਲਾੜ੍ਹਾ,
ਬੱਲੇ ਨੀ ਗੌਂਰਾਂ ਦਾ ਲਾੜ੍ਹਾ, ਛਾਵਾਂ ਨੀ ਗੌਂਰਾਂ ਦਾ ਲਾੜ੍ਹਾ,

ਲਾੜੇ ਲਿਆਉਂਦੇ ਰੱਥ ਗੱਡੀਆਂ ਕੋਈ, ਘੋੜੀ ਚੜ੍ਹਕੇ ਆਵੇ
ਸੋਹਣੇ ਸੋਹਣੇ ਜੰਞੀ ਆਪਣੀ,ਜਨ੍ਹ ਦੇ ਵਿਚ ਲਿਆਵੇ
ਪਰ ਮੈਂ ਦੇਖਿਆ ਪਹਿਲੀ ਵਾਰੀ,
ਬੈਲ ਤੇ ਚੜ੍ਹਿਆ ਲਾੜ੍ਹਾ ਨੀ ਗੌਂਰਾਂ ਦਾ ਲਾੜ੍ਹਾ
ਬੱਲੇ ਨੀ ਗੌਂਰਾਂ ਦਾ ਲਾੜ੍ਹਾ, ਛਾਵਾਂ ਨੀ ਗੌਂਰਾਂ ਦਾ ਲਾੜ੍ਹਾ,
ਗਿੱਠ ਗਿੱਠ ਲਮਕੇ ਦਾੜ੍ਹਾ ਨੀ...

ਮੁਖ ਤੇ ਲਾਲੀ ਚਮਕਾਂ ਮਾਰੇ, ਤੇੜ੍ਹ ਲੰਗੋਟਾ ਲਾਇਆ
ਸਿਵਿਆਂ ਦੀ ਬੱਸ ਰਾਖ ਮੱਥੇ ਤੇ, ਲਾੜ੍ਹਾ ਮਲ੍ਹ ਕੇ ਲਿਆਇਆ
ਉਹ ਵੇਖੋ ਨੀ ਲਾਈ ਜਾਂਦਾ,
ਲਾੜ੍ਹਾ ਭੰਗ ਦਾ ਹਾੜ੍ਹਾ ਨੀ, ਗੌਂਰਾਂ ਦਾ ਲਾੜ੍ਹਾ
ਬੱਲੇ ਨੀ ਗੌਂਰਾਂ ਦਾ ਲਾੜ੍ਹਾ,ਛਾਵਾਂ ਨੀ ਗੌਂਰਾਂ ਦਾ ਲਾੜ੍ਹਾ,
ਗਿੱਠ ਗਿੱਠ ਲਮਕੇ ਦਾੜ੍ਹਾ ਨੀ...

ਭੰਗ ਧਤੂਰਾ ਪੀ ਪੀ ਕੇ, ਸੂਹਟੇ ਤੇ ਸੂਹਟਾ ਲਾਉਂਦੇ
ਭੂਤ ਪ੍ਰੇਤ ਵੀ ਸਾਧੂਆਂ ਦੇ ਨਾਲ, ਨੱਚਦੇ ਟੱਪਦੇ ਗਾਉਂਦੇ
ਬਾਘੀਓ ਵਾਲੇ ਭਗਤਾ ਅੱਜ ਕੋਈ,
ਪਊਗਾ ਨਵਾਂ ਪੁਆੜਾ ਨੀ ਗੌਂਰਾਂ ਦਾ ਲਾੜ੍ਹਾ
ਬੱਲੇ ਨੀ ਗੌਂਰਾਂ ਦਾ ਲਾੜ੍ਹਾ,ਛਾਵਾਂ ਨੀ ਗੌਂਰਾਂ ਦਾ ਲਾੜ੍ਹਾ,
ਗਿੱਠ ਗਿੱਠ ਲਮਕੇ ਦਾੜ੍ਹਾ ਨੀ...

https://bhajanganga.com/bhajan/lyrics/id/1690/title/goraan-da-laarha

अपने Android मोबाइल पर BhajanGanga App डाउनलोड करें और भजनों का आनंद ले |